ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜ਼ਿਲ, ਸੈਕਟਰ-34 ਏ,ਚੰਡੀਗੜ੍ਹ
ਫੋਨ ਨੰ: 0172-2624673,ਫੈਕਸ ਨੰ: 2624673,Email-dgsepunjab18@gmail.com

ਵੱਲ

ਸਮੂਹ ਸਕੂਲ ਮੁੱਖੀ
ਪ੍ਰਾਇਮਰੀ/ਹਾਈ ਸਕੂਲ/ਸੀਨੀਅਰ ਸੈਕੰਡਰੀ ਸਕੂਲ
ਪੰਜਾਬ(ਵੈਬ ਸਾਈਟ ਰਾਹੀਂ)

ਮੀਮੋ ਨੰ: ਐਸ.ਐਸ.ਏ/2012/ਐਡਮਨ/ 88189
ਮਿਤੀ,ਚੰਡੀਗੜ੍ਹ:5 ਨਵੰਬਰ 2012

ਵਿਸ਼ਾ: ਸ਼ਰਾਬ-ਨੋਸ਼ੀ ਜਾਂ ਹੋਰ ਕੋਈ ਵੀ ਨਸ਼ਾ ਕਰਕੇ ਸਕੂਲ ਆਉਣ ਵਾਲੇ ਅਧਿਆਪਕਾਂ ਦੀ ਸੂਚਨਾਂ ਦੇਣ ਬਾਰੇ ।

ਹਵਾਲਾ: ਇਸ ਦਫਤਰ ਦੇ ਪੱਤਰ ਨੰ: ਐਸ.ਐਸ.ਏ/2012/ਐਡਮਨ/86790 ਮਿਤੀ,ਚੰਡੀਗੜ੍ਹ 8.10.2012 ਦੇ ਸਬੰਧ ਵਿੱਚ ।

1.0 ਉਪਰੋਕਤ ਹਵਾਲਾ ਅਧੀਨ ਪੱਤਰ ਰਾਹੀਂ ਸ਼ਰਾਬ ਨੋਸ਼ੀ ਜਾਂ ਹੋਰ ਕੋਈ ਵੀ ਨਸ਼ਾ ਕਰਕੇ ਡਿਊਟੀ ਸਮੇਂ ਸਕੂਲ ਆਉਣ ਵਾਲੇ ਅਧਿਆਪਕਾਂ ਦੀ ਸੂਚਨਾਂ ਮੁੱਖ ਦਫਤਰ ਨੂੰ ਦੇਣ ਬਾਰੇ ਫੀਲਡ ਵਿੱਚ ਲਿਖਿਆ ਗਿਆ ਸੀ । ਇਸ ਪੱਤਰ ਦਾ ਬਹੁਤ ਚੰਗਾ ਪ੍ਰਭਾਵ ਫੀਲਡ ਵਿੱਚ ਪਿਆ ਹੈ ਅਤੇ ਆਮ ਜਨਤਾ ਦੇ ਸਹਿਯੋਗ ਨਾਲ ਕੁਝ ਅਧਿਆਪਕਾਂ ਨੂੰ ਸਰਾਬੀ ਹਾਲਾਤ ਵਿੱਚ ਫੜਿਆ ਵੀ ਗਿਆ ਹੈ ਅਤੇ ਬਾਅਦ ਵਿੱਚ ਡਾਕਟਰੀ ਮੁਆਇਨਾ ਕਰਵਾਕੇ ਉਹਨਾਂ ਨੂੰ ਮੁਅੱਤਲ ਵੀ ਕੀਤਾ ਗਿਆ ।

2.0 ਪਰ ਬੜੇ ਅਫਸੋਸ ਦੀ ਗੱਲ ਹੈ ਕਿ ਸਕੂਲ ਮੁੱਖੀਆਂ ਵੱਲੋਂ ਡਿਊਟੀ ਸਮੇਂ ਸਰਾਬ ਪੀ ਕੇ ਆਉਣ ਵਾਲੇ ਅਧਿਆਪਕਾਂ ਦੀ ਸੂਚਨਾ ਮੁੱਖ ਦਫਤਰ ਨਹੀਂ ਦਿੱਤੀ ਜਾਂਦੀ ਸਗੋਂ ਆਮ ਜਨਤਾ ਵੱਲੋਂ ਜਾਂ ਨਿਰੀਖਣ ਟੀਮਾਂ ਵੱਲੋਂ ਹੀ ਇਸ ਸਬੰਧੀ ਸੂਚਨਾ ਪ੍ਰਾਪਤ ਹੁੰਦੀ ਹੈ ।

3.0 ਉਕਤ ਦੇ ਮੱਦੇ ਨਜ਼ਰ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਸਰਾਬੀ ਹਾਲਤ ਵਿੱਚ ਡਿਊਟੀ ਕੋਈ ਅਧਿਆਪਕ ਡਿਊਟੀ ਕਰਨ ਲਈ ਆਉਂਦਾ ਹੈ ਅਤੇ ਉਸ ਨੂੰ ਦੀ ਸੂਚਨਾਂ ਸਕੂਲ ਮੁੱਖੀ ਦੀ ਥਾਂ ਆਮ ਜਨਤਾ ਜਾਂ ਇੰਸਪੈਕਸ਼ਨ ਟੀਮ ਤੋਂ ਪ੍ਰਾਪਤ ਹੋਈ ਤਾਂ ਉਸ ਸਕੂਲ ਮੁੱਖੀ ਵਿਰੁੱਧ ਵੀ ਸੂਚਨਾ ਨਾ ਦੇਣ ਸਬੰਧੀ ਸਖਤ ਅਨੁਸਾਸਨੀ ਕਾਰਵਾਈ ਕੀਤੀ ਜਾਵੇਗੀ।

3.0 ਸਮੂਹ ਸਕੂਲ ਮੁੱਖੀਆਂ ਨੂੰ ਫਿਰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕੋਈ ਅਧਿਆਪਕ ਡਿਊਟੀ ਸਮੇਂ ਸਰਾਬ ਪੀ ਕੇ ਸਕੂਲ ਵਿੱਚ ਆਉਂਦਾ ਹੈ ਤਾਂ ਅਜਿਹੇ ਅਧਿਆਪਕ ਬਾਰੇ ਇਸ ਦਫਤਰ ਦੀ ਈ-ਮੇਲ dgsepunjab18@gmail.com ਰਾਹੀਂ ਅਤੇ ਇਸ ਦਫਤਰ ਦੇ ਟੈਲੀਫੋਨ ਨੰ: 0172-2624673, ਫੈਕਸ ਨੰ: 0172-2624687 ਰਾਹੀਂ ਤੁਰੰਤ ਸੂਚਨਾ ਦਿੱਤੀ ਜਾਵੇ । ਇਸ ਬਾਰੇ ਸੂਚਨਾਂ ਜ਼ਿਲ੍ਹੇ ਦੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਵੀ ਯਕੀਨੀ ਤੌਰ ਤੇ ਦਿੱਤੀ ਜਾਵੇ।

ਕਾਹਨ ਸਿੰਘ ਪੰਨੂੰ,ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: 88190 ਮਿਤੀ,ਚੰਡੀਗੜ੍ਹ: 5/11/12

ਇਸ ਦਾ ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)/(ਐ.ਸਿ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਕਾਹਨ ਸਿੰਘ ਪੰਨੂੰ, ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ